# ਵਾਰ ਵਾਰ ਪੁੱਛੇ ਜਾਣ ਵਾਲੇ ਸਵਾਲ- ਮੋਟਰ ਵਿਹੀਕਲ ਇੰਜਰੀ ਡਿਸਪਿਊਟਸ ਐਂਡ ਦਾ ਸਿਵਲ ਰੈਜ਼ੋਲੂਸ਼ਨ ਟ੍ਰਿਬਿਊਨਲ

*1 ਅਪ੍ਰੈਲ 2018 ਤੋਂ ਸਿਵਲ ਰੈਜ਼ੋਲੂਸ਼ਨ ਟ੍ਰਿਬਿਊਨਲ (ਸੀ ਆਰ ਟੀ) ਬ੍ਰਿਟਿਸ਼ ਕੋਲੰਬੀਆ ਵਿੱਚ ਗੱਡੀਆਂ ਦੇ ਐਕਸੀਡੈਂਟਾਂ ਕਾਰਨ ਲੱਗਣ ਵਾਲੀਆਂ ਸੱਟਾਂ (ਐੱਮ ਵੀ ਆਈ) ਨਾਲ ਸੰਬੰਧਤ ਬਹੁਤ ਸਾਰੇ ਝਗੜਿਆਂ ਦਾ ਹੱਲ ਕਰਨਾ ਸ਼ੁਰੂ ਕਰ ਦੇਵੇਗਾ।*

*ਇਸ ਵਿੱਚ ਐਕਸੀਡੈਂਟ ਕਾਰਨ ਮਿਲਣ ਵਾਲੇ ਭੱਤਿਆਂ ਨਾਲ ਸੰਬੰਧਤ ਝਗੜੇ, ਨੁਕਸਾਨ ਅਤੇ ਕਸੂਰ ਨਾਲ ਸੰਬੰਧਤ 50,000 ਡਾਲਰ ਤੱਕ ਦੇ ਝਗੜੇ ਸ਼ਾਮਲ ਹਨ ਅਤੇ ਇਸ ਗੱਲ ਬਾਰੇ ਫੈਸਲਾ ਕਰਨਾ ਵੀ ਸ਼ਾਮਲ ਹੈ ਕਿ ਕੀ ਕੋਈ ਸੱਟ "ਛੋਟੀ ਸੱਟ (ਮਾਈਨਰ ਇੰਜਰੀ)" ਹੈ?*

## ਸੀ ਆਰ ਟੀ ਬਾਰੇ

### *ਕੀ ਸੀ ਆਰ ਟੀ ਅਦਾਲਤ ਵਾਂਗ ਹੈ?*

ਸੀ ਆਰ ਟੀ ਇਕ ਐਡਮਿਨਸਟ੍ਰੇਟਿਵ ਟ੍ਰਿਬਿਊਨਲ ਹੈ, ਅਦਾਲਤ ਨਹੀਂ। ਪਰ ਅਦਾਲਤ ਵਾਂਗ ਸੀ ਆਰ ਟੀ ਸਰਕਾਰੀ ਨਿਆਂ ਪ੍ਰਬੰਧ ਦਾ ਹਿੱਸਾ ਹੈ, ਇਹਦੇ ਟ੍ਰਿਬਿਊਨਲ ਮੈਂਬਰ ਆਜ਼ਾਦ ਅਤੇ ਨਿਰਪੱਖ ਹਨ, ਅਤੇ ਇਸ ਲਈ ਕਾਨੂੰਨ ਦੀ ਪਾਲਣਾ ਕਰਨਾ ਜ਼ਰੂਰੀ ਹੈ ਅਤੇ ਤਾਮੀਲ ਕਰਵਾਏ ਜਾਣ ਯੋਗ (ਇਨਫੋਰਸੇਬਲ) ਫੈਸਲੇ ਕਰਨਾ ਜ਼ਰੂਰੀ ਹੈ।

ਐੱਮ ਵੀ ਆਈ ਨਾਲ ਸੰਬੰਧਤ ਬਹੁਤੇ ਝਗੜਿਆਂ ਦੇ ਨਾਲ ਨਾਲ ਸਟ੍ਰੈਟਾ ਪ੍ਰਾਪਰਟੀ ਨਾਲ ਸੰਬੰਧਤ ਝਗੜੇ, 5000 ਡਾਲਰ ਤੋਂ ਘੱਟ ਦੇ ਸਮਾਲ ਕਲੇਮ ਇਸ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਹਨ, ਅਤੇ ਛੇਤੀ ਹੀ ਸੁਸਾਈਟੀਆਂ ਅਤੇ ਕੋਅਪ੍ਰੇਟਿਵ ਐਸੋਸੀਏਸ਼ਨਾਂ ਨਾਲ ਸੰਬੰਧਤ ਝਗੜੇ ਵੀ ਇਸ ਦੇ ਅਧਿਕਾਰ ਖੇਤਰ ਵਿੱਚ ਆ ਜਾਣਗੇ। ਬਹੁਤੇ ਕੇਸਾਂ ਵਿੱਚ ਇਹਨਾਂ ਖੇਤਰਾਂ ਨਾਲ ਸੰਬੰਧਤ ਝਗੜਿਆਂ ਦਾ ਹੱਲ ਲੱਭਣ ਲਈ ਤੁਹਾਨੂੰ ਅਦਾਲਤ ਦੀ ਥਾਂ ਸੀ ਆਰ ਟੀ ਦੀ ਵਰਤੋਂ ਕਰਨੀ ਪਵੇਗੀ।.

### *ਕੀ ਸੀ ਆਰ ਟੀ ਦੇ ਮੈਂਬਰ ਆਈ ਸੀ ਬੀ ਸੀ ਦੀ ਨੌਕਰੀ ਕਰਦੇ ਹਨ?*

ਨਹੀਂ। ਸੀ ਆਰ ਟੀ ਦੇ ਮੈਂਬਰ ਆਜ਼ਾਦ ਹਨ ਅਤੇ ਮੈਰਿਟ ਦੇ ਆਧਾਰ 'ਤੇ ਕੀਤੇ ਵਿਆਪਕ ਮੁਕਾਬਲੇ ਤੋਂ ਬਾਅਦ ਸੀ ਆਰ ਟੀ ਦੇ ਪ੍ਰਧਾਨ ਦੀ ਸਿਫਾਰਿਸ਼ ਨਾਲ ਸੂਬਾਈ ਸਰਕਾਰ ਵਲੋਂ ਨਿਯੁਕਤ ਕੀਤੇ ਜਾਂਦੇ ਹਨ। ਇਸ ਮੁਕਾਬਲੇ ਵਿੱਚ ਅਰਜ਼ੀ ਦੇਣ ਦੀ ਸਖਤ ਕਸੌਟੀ, ਤੀਬਰ ਛਾਣ-ਬੀਣ, ਫੈਸਲੇ ਲਿਖਣ ਦੇ ਅਮਲ ਦਾ ਗੁਪਤ ਮੁੱਲਾਂਕਣ, ਪੈਨਲ ਰਿਵੀਊ, ਹਵਾਲਿਆਂ ਦੀ ਜਾਂਚ ਅਤੇ ਚੁੱਕੇ ਜਾਣ ਵਾਲੇ ਹੋਰ ਵਾਜਬ ਕਦਮ ਸ਼ਾਮਲ ਹਨ। ਇਸ ਦੇ ਨਾਲ ਹੀ ਸੀ ਆਰ ਟੀ ਟ੍ਰਿਬਿਊਨਲ ਦੇ ਸਾਰੇ ਮੈਂਬਰਾਂ ਲਈ ਸੀ ਆਰ ਟੀ ਦੀ ਮਰਯਾਦਾ (ਕੋਡ ਆਫ ਕੰਡਕਟ) ਦੀ ਪਾਲਣਾ ਕਰਨਾ ਵੀ ਜ਼ਰੂਰੀ ਹੈ।

## ਇਹ ਕਾਰਵਾਈ ਕਿਸ ਤਰ੍ਹਾਂ ਦੀ ਹੈ?

| | |
|---|---|
| ਸ਼ੁਰੂ ਕਰੋ | ਸਾਡੇ ਸੋਲੂਸ਼ਨ ਐਕਪਸਲੋਰਰ ਨਾਲ ਸ਼ੁਰੂਆਤ ਕਰੋ। ਇਹ ਤੁਹਾਡੇ ਝਗੜੇ ਦੀ ਨਿਸ਼ਾਨਦੇਹੀ ਕਰਦਾ ਹੈ। ਮੁਫਤ ਕਾਨੂੰਨੀ ਜਾਣਕਾਰੀ ਅਤੇ ਚਿੱਠੀਆਂ ਲਿਖਣ ਦੇ ਖਾਸ ਨਮੂਨਿਆਂ ਵਰਗੇ ਸਾਧਨ ਆਪਣੇ ਆਪ ਝਗੜਾ ਨਿਬੇੜਨ ਵਿੱਚ ਤੁਹਾਡੀ ਮਦਦ ਕਰਦੇ ਹਨ। |
| ਅਰਜ਼ੀ ਕਰੋ | ਜੇ ਤੁਸੀਂ ਆਪਣਾ ਝਗੜਾ ਆਪ ਨਾ ਨਿਬੇੜ ਸਕੋ, ਤਾਂ ਤੁਸੀਂ ਝਗੜਾ ਨਿਪਟਾਉਣ ਲਈ ਸੀ ਆਰ ਟੀ ਕੋਲ ਅਰਜ਼ੀ ਦੇ ਸਕਦੇ ਹੋ। ਸਿੱਧਾ ਹੀ ਸੋਲੂਸ਼ਨ ਐਕਸਪਲੋਰਰ ਤੋਂ ਅਰਜ਼ੀ ਕਰੋ। ਇਹ ਤੁਹਾਡੇ ਝਗੜੇ ਦੀ ਕਿਸਮ ਮੁਤਾਬਕ ਤੁਹਾਨੂੰ ਸਹੀ ਅਰਜ਼ੀ ਫਾਰਮ ਕੋਲ ਭੇਜੇਗਾ। |
| ਗੱਲਬਾਤ ਕਰੋ | ਜਦੋਂ ਤੁਹਾਡੀ ਅਰਜ਼ੀ ਮਨਜ਼ੂਰ ਹੋ ਜਾਵੇ ਤਾਂ ਗੱਲਬਾਤ ਕਰਨ ਲਈ ਸਾਡਾ ਸੁਰੱਖਿਅਤ ਅਤੇ ਗੁਪਤ ਪਲੇਟਫਾਰਮ ਵਰਤੋ। ਤੁਸੀਂ ਆਪਣੇ ਝਗੜੇ ਦੀ ਮਾਰਫਤ ਗੱਲਬਾਤ ਕਰ ਸਕਦੇ ਹੋ ਅਤੇ ਆਪਣੇ ਆਪ ਸਮਝੌਤਾ ਕਰਨ ਦੀ ਕੋਸ਼ਿਸ਼ ਕਰ ਸਕਦੇ ਹੋ। |
| ਸਮਝੌਤਾ ਕਰੋ | ਜੇ ਤੁਸੀਂ ਗੱਲਬਾਤ ਰਾਹੀਂ ਆਪਣਾ ਝਗੜਾ ਨਾ ਨਿਪਟਾ ਸਕੋ, ਤਾਂ ਸਮਝੌਤਾ ਕਰਨ ਲਈ ਇਕ ਫੈਸਿਲੀਟੇਟਰ ਤੁਹਾਡੀ ਮਦਦ ਕਰਨ ਦੀ ਕੋਸ਼ਿਸ਼ ਕਰੇਗਾ। ਸਮਝੌਤਿਆਂ ਨੂੰ ਹੁਕਮਾਂ (ਆਰਡਰਜ਼) ਵਿੱਚ ਬਦਲਿਆ ਜਾ ਸਕਦਾ ਹੈ ਅਤੇ ਉਹਨਾਂ ਦੀ ਅਦਾਲਤ ਦੇ ਹੁਕਮਾਂ (ਆਰਡਰਜ਼) ਵਾਂਗ ਤਾਮੀਲ ਕਰਵਾਈ ਜਾ ਸਕਦੀ ਹੈ। |
| ਫੈਸਲਾ ਲਵੋ | ਜੇ ਤੁਸੀਂ ਗੱਲਬਾਤ ਜਾਂ ਫੈਸਿਲੀਟੇਟਰ ਦੀ ਮਦਦ ਨਾਲ ਸਮਝੌਤਾ ਨਾ ਕਰ ਸਕੋ ਤਾਂ ਸੀ ਆਰ ਟੀ ਦਾ ਇਕ ਆਜ਼ਾਦ ਮੈਂਬਰ ਤੁਹਾਡੇ ਝਗੜੇ ਬਾਰੇ ਫੈਸਲਾ ਕਰੇਗਾ। ਇਸ ਫੈਸਲੇ ਦੀ ਵੀ ਅਦਾਲਤ ਦੇ ਹੁਕਮ ਵਾਂਗ ਤਾਮੀਲ ਕਰਵਾਈ ਜਾ ਸਕਦੀ ਹੈ। |

## ਸੀ ਆਰ ਟੀ ਵਲੋਂ ਝਗੜਾ ਨਿਪਟਾਉਣ ਲਈ ਅਰਜ਼ੀ ਕਰਨਾ

### *ਕੀ ਮੈਨੂੰ ਪਹਿਲਾਂ ਆਈ ਸੀ ਬੀ ਸੀ ਨਾਲ ਸਮਝੌਤਾ ਕਰਨ ਦੀ ਕੋਸ਼ਿਸ਼ ਕਰਨ ਦੀ ਲੋੜ ਹੈ?*

ਜੇ ਤੁਸੀਂ ਆਪਣੀ ਇੰਸ਼ੋਰੈਂਸ ਕਰਨ ਵਾਲੀ ਕੰਪਨੀ ਨਾਲ ਸਮਝੌਤਾ ਕਰਨ ਲਈ ਗੱਲਬਾਤ ਕਰੋ ਤਾਂ ਹੋ ਸਕਦਾ ਹੈ ਕਿ ਤੁਹਾਡਾ ਨਿਪਟਾਰਾ ਛੇਤੀ ਹੋ ਜਾਵੇ। ਪਰ ਜੇ ਤੁਸੀਂ ਆਪਣੇ ਆਪ ਕੋਈ ਸਮਝੌਤਾ ਨਾ ਕਰ ਸਕੋ ਤਾਂ ਸੀ ਆਰ ਟੀ ਮਦਦ ਲਈ ਮੌਜੂਦ ਹੈ।

### *ਜੇ ਐਕਸੀਡੈਂਟ ਬੀ ਸੀ ਤੋਂ ਬਾਹਰ ਹੋਇਆ ਹੋਵੇ ਤਾਂ ਕੀ ਮੈਂ ਅਰਜ਼ੀ ਕਰ ਸਕਦਾ/ਸਕਦੀ ਹਾਂ?*

ਹਾਂ। ਜੇ ਐਕਸੀਡੈਂਟ ਬੀ ਸੀ ਤੋਂ ਬਾਹਰ ਹੋਇਆ ਹੋਵੇ, ਤਾਂ ਤੁਸੀਂ ਸਾਡੇ ਸਮਾਲ ਕਲੇਮ ਦੇ ਅਧਿਕਾਰ ਖੇਤਰ ਅੰਦਰ ਕਲੇਮ (ਦਾਅਵਾ) ਕਰ ਸਕਦੇ ਹੋ। ਪਰ ਤੁਸੀਂ ਵੱਧ ਤੋਂ ਵੱਧ 5000 ਡਾਲਰ ਤੱਕ ਦਾ ਕਲੇਮ ਕਰ ਸਕਦੇ ਹੋ।

### *ਜੇ ਐਕਸੀਡੈਂਟ 1 ਅਪ੍ਰੈਲ 2019 ਤੋਂ ਪਹਿਲਾਂ ਹੋਇਆ ਹੋਵੇ ਤਾਂ ਮੈਂ ਅਰਜ਼ੀ ਕਰ ਸਕਦਾ/ਸਕਦੀ ਹਾਂ?*

ਹਾਂ ਜੇ ਐਕਸੀਡੈਂਟ 1 ਅਪ੍ਰੈਲ 2019 ਤੋਂ ਪਹਿਲਾਂ ਹੋਇਆ ਹੋਵੇ ਤਾਂ ਤੁਸੀਂ ਸਾਡੇ ਸਮਾਲ ਕਲੇਮ ਦੇ ਅਧਿਕਾਰ ਖੇਤਰ ਅੰਦਰ ਕਲੇਮ (ਦਾਅਵਾ) ਕਰ ਸਕਦੇ ਹੋ। ਪਰ ਤੁਸੀਂ ਵੱਧ ਤੋਂ ਵੱਧ 5000 ਡਾਲਰ ਤੱਕ ਦਾ ਕਲੇਮ ਕਰ ਸਕਦੇ ਹੋ।

### *ਕੀ ਮੈਂ ਆਪਣੀ ਨੁਮਾਇੰਦਗੀ ਲਈ ਵਕੀਲ ਕਰ ਸਕਦਾ/ਸਕਦੀ ਹਾਂ*

ਹਾਂ। 1 ਅਪ੍ਰੈਲ, 2019 ਨੂੰ ਜਾਂ ਉਸ ਤੋਂ ਪਹਿਲਾਂ ਗੱਡੀਆਂ ਕਾਰਨ ਸੱਟਾਂ ਲੱਗਣ ਦੇ ਕੀਤੇ ਬਹੁਤੇ ਕਲੇਮਾਂ (ਦਾਅਵਿਆਂ) ਵਿੱਚ ਤੁਸੀਂ ਆਪਣੀ ਨੁਮਾਇੰਦਗੀ ਲਈ ਵਕੀਲ ਕਰ ਸਕਦੇ ਹੋ। ਪਰ ਕੁਝ ਕੇਸਾਂ ਵਿੱਚ ਤੁਹਾਨੂੰ ਸੀ ਆਰ ਟੀ ਦੀ ਇਜਾਜ਼ਤ ਲੈਣ ਦੀ ਲੋੜ ਹੋ ਸਕਦੀ ਹੈ। ਇਸ ਕਾਰਵਾਈ ਵਿੱਚ ਸਾਡਾ ਅਰਜ਼ੀ ਫਾਰਮ ਸੇਧ ਦੇਵੇਗਾ।

### *ਤੁਹਾਡੇ ਖਿਆਲ ਵਿੱਚ ਕੀ ਮੇਰਾ ਝਗੜਾ ਕਾਮਯਾਬ ਹੋਵੇਗਾ?*

ਸੀ ਆਰ ਟੀ ਇਕ ਆਜ਼ਾਦ ਅਤੇ ਨਿਰਪੱਖ ਫੈਸਲਾ ਕਰਨ ਵਾਲਾ ਟ੍ਰਿਬਿਊਨਲ ਹੈ। ਸਾਡਾ ਸਟਾਫ ਤੁਹਾਨੂੰ ਕਾਨੂੰਨੀ ਸਲਾਹ ਨਹੀਂ ਦੇ ਸਕਦਾ ਜਾਂ ਤੁਹਾਨੂੰ ਇਹ ਨਹੀਂ ਦਸ ਸਕਦਾ ਹੈ ਕਿ ਤੁਹਾਡੀ ਕਾਮਯਾਬੀ ਦੇ ਕਿੰਨੇ ਕੁ ਮੌਕੇ ਹਨ।

ਜੇ ਤੁਹਾਨੂੰ ਆਪਣੀ ਕਾਮਯਾਬੀ ਦੇ ਮੌਕਿਆਂ ਬਾਰੇ ਸਲਾਹ ਦੀ ਲੋੜ ਹੈ, ਤਾਂ ਸੀ ਆਰ ਟੀ ਵਿਖੇ ਆਪਣੇ ਝਗੜੇ ਦੇ ਨਿਪਟਾਰੇ ਲਈ ਅਰਜ਼ੀ ਕਰਨ ਤੋਂ ਪਹਿਲਾਂ ਤੁਹਾਨੂੰ ਕਿਸੇ ਪ੍ਰੋਫੈਸ਼ਨਲ ਵਕੀਲ ਜਾਂ ਕਾਨੂੰਨੀ ਸੇਵਾਵਾਂ ਦੇਣ ਵਾਲੇ ਤੋਂ ਸਲਾਹ ਲੈਣੀ ਚਾਹੀਦੀ ਹੈ।

### *ਝਗੜਾ ਨਿਬੇੜਨ ਦੀ ਕਾਰਵਾਈ ਨੂੰ ਕਿੰਨਾ ਸਮਾਂ ਲਗਦਾ ਹੈ ?*

ਸੀ ਆਰ ਟੀ ਜਿੰਨਾ ਸੰਭਵ ਹੋ ਸਕਦਾ ਹੋਵੇ ਉਨੇ ਨਿਆਂਪੂਰਕ ਢੰਗ ਨਾਲ, ਉਨੀ ਤੇਜ਼ੀ ਨਾਲ ਅਤੇ ਉਨੇ ਘੱਟ ਖਰਚੇ ਨਾਲ ਝਗੜੇ ਨਿਪਟਾਉਣ ਦਾ ਯਤਨ ਕਰਦਾ ਹੈ। ਪਰ ਹਰ ਇਕ ਝਗੜਾ ਵੱਖਰਾ ਹੁੰਦਾ ਹੈ। ਕਿਸੇ ਵੀ ਝਗੜੇ ਨੂੰ ਨਿਪਟਾਉਣ ਵਿੱਚ ਲੱਗਣ ਵਾਲਾ ਸਮਾਂ ਕਾਰਵਾਈ ਦੇ ਸ਼ੁਰੂ ਵਿੱਚ ਹੀ ਪਾਰਟੀਆਂ ਦੀ ਸਮਝੌਤਾ ਕਰਨ ਦੀ ਯੋਗਤਾ, ਝਗੜੇ ਨਾਲ ਸੰਬੰਧਤ ਮਸਲਿਆਂ ਅਤੇ ਸਬੂਤਾਂ 'ਤੇ ਨਿਰਭਰ ਕਰਦਾ ਹੈ।

## ਗੱਲਬਾਤ ਅਤੇ ਫੈਸਿਲੀਟੇਸ਼ਨ

### *ਜੇ ਮੈਂ ਗੱਲਬਾਤ ਨਾ ਕਰਨੀ ਚਾਹੁੰਦਾ/ਚਾਹੁੰਦੀ ਹੋਵਾਂ ਤਾਂ?*

ਗੱਲਬਾਤ ਦੀ ਕਾਰਵਾਈ ਵਿੱਚ ਹਿੱਸਾ ਲੈਣਾ ਤੁਹਾਡੀ ਮਰਜ਼ੀ ਹੈ, ਅਤੇ ਤੁਹਾਡੇ ਲਈ ਇਸ ਵਿੱਚ ਹਿੱਸਾ ਲੈਣਾ ਜ਼ਰੂਰੀ ਨਹੀਂ ਹੈ। ਪਰ ਜੇ ਤੁਸੀਂ ਗੱਲਬਾਤ ਨਾਲ ਸਮਝੌਤਾ ਕਰ ਲਵੋ ਤਾਂ ਤੁਹਾਡੀ ਅਰਜ਼ੀ ਦੀ ਫੀਸ ਵਾਪਸ ਕਰ ਦਿੱਤੀ ਜਾਵੇਗੀ ਅਤੇ ਤੁਹਾਡੇ ਸਮਝੌਤੇ ਨੂੰ ਇਕ ਤਾਮੀਲ ਕੀਤੇ ਜਾਣ ਵਾਲੇ ਹੁਕਮ (ਆਰਡਰ) ਵਿੱਚ ਬਦਲ ਦਿੱਤਾ ਜਾਵੇਗਾ।

### *ਕੀ ਮੇਰੇ ਲਈ ਫੈਸਿਲੀਟੇਸ਼ਨ ਵਿੱਚ ਹਿੱਸਾ ਲੈਣਾ ਜ਼ਰੂਰੀ ਹੈ?*

ਹਾਂ। ਪਾਰਟੀਆਂ ਲਈ ਫੈਸਿਲੀਟੇਸ਼ਨ ਵਿੱਚ ਹਿੱਸਾ ਲੈਣਾ ਜ਼ਰੂਰੀ ਹੈ, ਜਿੱਥੇ ਇਕ ਕੇਸ ਮੈਨੇਜਰ ਸਮਝੌਤੇ 'ਤੇ ਪਹੁੰਚਣ ਦੀ ਕੋਸ਼ਿਸ਼ ਵਿੱਚ ਤੁਹਾਡੀ ਮਦਦ ਕਰੇਗਾ। ਜੇ ਤੁਸੀਂ ਸਮਝੌਤਾ ਨਾ ਕਰ ਸਕੋ ਤਾਂ ਸੀ ਆਰ ਟੀ ਦਾ ਇਕ ਆਜ਼ਾਦ ਮੈਂਬਰ ਤੁਹਾਡੇ ਝਗੜੇ ਬਾਰੇ ਤਾਮੀਲ ਕੀਤਾ ਜਾ ਸਕਣ ਵਾਲਾ (ਇਨਫੋਰਸੇਬਲ) ਫੈਸਲਾ ਕਰੇਗਾ।

## ਫੈਸਲਾ ਕਰਵਾਉਣਾ

### *ਮੇਰੇ ਝਗੜੇ ਦਾ ਫੈਸਲਾ ਕੌਣ ਕਰੇਗਾ?*

ਜੇ ਤੁਸੀਂ ਸਮਝੌਤਾ ਨਾ ਕਰ ਸਕੋ ਤਾਂ ਸੀ ਆਰ ਟੀ ਦਾ ਇਕ ਆਜ਼ਾਦ ਮੈਂਬਰ ਤੁਹਾਡੇ ਝਗੜੇ ਦਾ ਫੈਸਲਾ ਕਰੇਗਾ। ਸੀ ਆਰ ਟੀ ਦੇ ਸਾਰੇ ਮੈਂਬਰ ਫੈਸਲਾ ਕਰਨ ਵਿੱਚ ਮਾਹਰ ਹੁੰਦੇ ਹਨ ਅਤੇ ਇਕ ਮੈਰਿਟ ਆਧਾਰਤ ਮੁਕਾਬਲੇ ਤੋਂ ਬਾਅਦ ਨਿਯੁਕਤ ਕੀਤੇ ਗਏ ਹੁੰਦੇ ਹਨ। ਐੱਮ ਵੀ ਆਈ ਦੇ ਝਗੜਿਆਂ ਦਾ ਫੈਸਲਾ ਕਰਨ ਵਾਲੇ ਸੀ ਆਰ ਟੀ ਦੇ ਮੈਂਬਰ ਨਿੱਜੀ ਸੱਟਾਂ ਦੇ ਕਾਨੂੰਨ (ਪਰਸਨਲ ਇੰਜਰੀ ਲਾਅ) ਵਿੱਚ ਮੁਹਾਰਤ ਰੱਖਣ ਵਾਲੇ ਵਕੀਲ ਹੁੰਦੇ ਹਨ।

### *ਕੀ ਫੈਸਲਾ ਅਤੇ ਮੇਰਾ ਨਾਂ ਜਨਤਕ ਕੀਤੇ ਜਾਣਗੇ*

ਬਹੁਤੇ ਕੇਸਾਂ ਵਿੱਚ ਹਾਂ। ਸਿਵਲ ਰੈਜ਼ੋਲੂਸ਼ਨ ਟ੍ਰਿਬਿਊਨਲ ਐਕਟ ਮੰਗ ਕਰਦਾ ਹੈ ਕਿ ਆਖਰੀ ਫੈਸਲਿਆਂ ਅਤੇ ਹੁਕਮਾਂ (ਆਰਡਰਜ਼) ਨੂੰ ਸੀ ਆਰ ਟੀ ਦੇ ਵੈੱਬਸਾਈਟ ਤੇ ਪੋਸਟ ਕਰਨਾ ਜ਼ਰੂਰੀ ਹੈ, ਜਿੱਥੇ ਉਹ ਆਮ ਜਨਤਾ ਲਈ ਉਪਲੱਬਧ ਹੁੰਦੇ ਹਨ। ਪਰ ਜੇ ਕਿਸੇ ਪਾਰਟੀ ਜਾਂ ਗਵਾਹ ਨੂੰ ਫਿਕਰ ਹੋਵੇ ਕਿ ਆਖਰੀ ਫੈਸਲੇ ਜਾਂ ਹੁਕਮ ਵਿਚਲੀ ਜਾਣਕਾਰੀ ਉਨ੍ਹਾਂ ਦੀ ਪ੍ਰਾਈਵੇਸੀ ਜਾਂ ਸੁਰੱਖਿਆ ਨੂੰ ਨੁਕਸਾਨ ਕਰ ਸਕਦੀ ਹੈ, ਤਾਂ ਉਹ ਬੇਨਤੀ ਕਰ ਸਕਦੇ ਹਨ ਕਿ ਇਸ ਜਾਣਕਾਰੀ ਨੂੰ ਕੱਢ ਦਿੱਤਾ ਜਾਵੇ ਜਾਂ ਪਛਾਣ ਕਰਨ ਵਾਲੀ ਜਾਣਕਾਰੀ ਨੂੰ ਗੁਮਨਾਮ ਰੱਖਿਆ ਜਾਵੇ।

ਆਮ ਤੌਰ 'ਤੇ ਜੇ ਫੈਸਲਾ ਕਿਸੇ ਨਾਬਾਲਗ ਜਾਂ ਉਸ ਤਰ੍ਹਾਂ ਦੇ ਕਿਸੇ ਨਿਤਾਣੇ ਵਿਅਕਤੀ ਬਾਰੇ ਹੋਵੇ, ਤਾਂ ਸੀ ਆਰ ਟੀ ਉਸ ਫੈਸਲੇ ਨੂੰ ਗੁਮਨਾਮ ਰੱਖੇਗੀ ਜਾਂ ਨਿਤਾਣੇ ਵਿਅਕਤੀ ਦੀ ਪ੍ਰਾਈਵੇਸੀ ਨੂੰ ਬਚਾਉਣ ਲਈ ਕੋਈ ਹੋਰ ਕਦਮ ਚੁੱਕੇਗੀ।

## ਫੈਸਲੇ ਤੋਂ ਬਾਅਦ

### *ਜੇ ਮੈਂ ਫੈਸਲੇ ਨਾਲ ਸਹਿਮਤ ਨਾ ਹੋਵਾਂ ਤਾਂ?*

ਗੱਡੀਆਂ ਕਾਰਨ ਸੱਟਾਂ ਲੱਗਣ ਨਾਲ ਸੰਬੰਧਤ ਸੀ ਆਰ ਟੀ ਦੇ ਫੈਸਲੇ ਜੁਡੀਸ਼ੀਅਲ ਰਿਵੀਊ ਅਧੀਨ ਆਉਂਦੇ ਹਨ। ਇਸ ਦਾ ਮਤਲਬ ਹੈ ਕਿ ਤੁਸੀਂ ਬੀ ਸੀ ਦੀ ਸੁਪਰੀਮ ਕੋਰਟ ਨੂੰ ਸੀ ਆਰ ਟੀ ਦੇ ਫੈਸਲੇ ਬਾਰੇ ਗੌਰ (ਰਿਵੀਊ) ਕਰਨ ਨੂੰ ਕਹਿ ਸਕਦੇ ਹੋ।

## ਕੀ ਤੁਹਾਡਾ ਕੋਈ ਅਜਿਹਾ ਸਵਾਲ ਹੈ ਜਿਸ ਦਾ ਅਸੀਂ ਇੱਥੇ ਜਵਾਬ ਨਹੀਂ ਦਿੱਤਾ?

### *ਸਾਡੇ ਨਾਲ ਸੰਪਰਕ ਕਰੋ!*

ਇਸ ਸਾਈਟ www.civilresolutionbc.ca 'ਤੇ ਜਾਉ ਅਤੇ ਸਾਨੂੰ ਸੰਪਰਕ ਕਰਨ ਵਾਲਾ ਫਾਰਮ ਵਰਤੋ। ਜਾਂ ਸਾਨੂੰ 1-844-322-2292 'ਤੇ ਕਾਲ ਕਰੋ (ਉੱਤਰੀ ਅਮਰੀਕਾ ਵਿੱਚ ਮੁਫਤ)।